This question paper contains 2 printed pages]

**Roll No.** | | | | | | | | | | |

| | | |
|---|---|---|
| S. No. of Question Paper | : **2907** | |
| Unique Paper Code | : **2121101** | **F-1** |
| Name of the Paper | : **Punjabi Short Story [DC-1.1]** | |
| Name of the Course | : **B.A. (Hons.) Punjabi** | |
| Semester | : **I** | |

Duration : **3 Hours** Maximum Marks :

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

ਭਾਗ ਪਹਿਲਾ

1. ਪੰਜਾਬੀ ਨਿੱਕੀ-ਕਹਾਣੀ ਦੇ ਨਿਕਾਸ ਤੇ ਵਿਕਾਸ ਉੱਤੇ ਚਰਚਾ ਕਰੋ। 15

ਜਾਂ

ਨਿੱਕੀ-ਕਹਾਣੀ ਦੀ ਪਰਿਭਾਸ਼ਾ ਦੱਸਦੇ ਹੋਏ, ਇਸਦੇ ਸੰਰਚਨਾਤਮਕ ਤੱਤਾਂ ਤੋਂ ਜਾਣੂ ਕਰਾਉ।

2. ਹੇਠ ਲਿਖਿਆਂ ਵਿਚੋਂ ਕਿਸੇ ਦੋ ਪ੍ਰਸ਼ਨਾਂ ਦਾ ਸੰਖੇਪਮਈ ਉੱਤਰ ਦਿਉ : 10
1) 'ਗਲਪ' ਤੋਂ ਕੀ ਭਾਵ ਹੈ? ਚਰਚਾ ਕਰੋ।
2) ਬਿਰਤਾਂਤ ਦੀ ਪਰਿਭਾਸ਼ਾ ਦੱਸੋ।
3) ਕਹਾਣੀ ਤੇ ਨਾਵਲ ਵਿਚ ਕੀ ਅੰਤਰ ਹੈ?
4) 'ਆਰੰਭਕ ਪੰਜਾਬੀ-ਕਹਾਣੀ ਸੁਧਾਰਕ ਪ੍ਰਵਿਰਤੀ ਦੀ ਹੈ' - ਇਸ ਕਥਨ ਉੱਤੇ ਸੰਖੇਪਮਈ ਚਰਚਾ ਕਰੋ।

ਭਾਗ ਦੂਜਾ

3. ਪਾਠ-ਪੁਸਤਕ 'ਕਥਾ ਲੋਕ' ਦੀ ਭੂਮਿਕਾ ਵਿਚ ਪ੍ਰਗਟਾਏ ਗਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ। 15

ਜਾਂ

'ਕਥਾ ਲੋਕ' ਵਿਚੋਂ ਆਪਣੀ ਮਨ-ਪਸੰਦ ਕਿਸੇ ਇਕ ਕਹਾਣੀ ਦਾ ਵਿਹਾਰਕ ਅਧਿਐਨ ਕਰੋ।

4. ਹੇਠ ਲਿਖਿਆਂ ਵਿਚੋਂ ਕਿਸੇ ਦੋ ਪ੍ਰਸ਼ਨਾਂ ਦਾ ਸੰਖੇਪਮਈ ਉੱਤਰ ਦਿਉ : 10
1) 'ਹਲ-ਵਾਹਾ' ਕਹਾਣੀ ਦਾ ਵਿਸ਼ਾ ਕੀ ਹੈ?
2) "ਕਿਸ ਦੇ ਸਿਰ ਦਾ ਮਾਲਕ? ਮੇਰਾ ਕੋਈ ਖਾਵੰਦ ਨਹੀਂ। ਮੈਂ ਤੇ ਇਕ ਦਿਨ ਵੀ ਉਸਨੂੰ ਕਦੀ ਆਪਣਾ ਖਾਵੰਦ ਨਹੀ ਸਮਝਿਆ। ਤੇ ਮੈਂ ਇਕ ਪਲ ਲਈ ਵੀ ਕਦੀ ਉਸ ਦੀ ਤਰੀਮਤ ਨਹੀਂ ਬਣੀ।" - ਸੱਤ ਬੱਚਿਆਂ ਦੀ ਮਾਂ ਜ਼ੀਨਤ ਆਪ ਇਹ ਗੱਲ ਕਿਉਂ ਕਹਿੰਦੀ ਹੈ?
3) 'ਚਲਾਕ ਜੱਟੀ' ਕਹਾਣੀ ਦੇ ਬਿਰਤਾਂਤ ਉੱਤੇ ਚਰਚਾ ਕਰੋ।
4) ਪਾਠ-ਪੁਸਤਕ 'ਕਥਾ ਲੋਕ' ਵਿਚੋਂ ਕੋਈ 5 ਕਹਾਣੀਆਂ ਦੇ ਸਿਰਲੇਖ ਤੇ ਉਨ੍ਹਾਂ ਦੇ ਕਹਾਣੀਕਾਰਾਂ ਦੇ ਨਾਂ ਲਿਖੋ।

## ਭਾਗ ਤੀਜਾ

5. ਕੁਲਵੰਤ ਸਿੰਘ ਵਿਰਕ ਦੀ ਕਹਾਣੀ-ਕਲਾ ਉੱਤੇ ਆਲੋਚਨਾਤਮਕ ਚਰਚਾ ਕਰੋ।

ਜਾਂ

ਪਾਠ-ਪੁਸਤਕ 'ਮੇਰੀਆਂ ਸ੍ਰੇਸ਼ਟ ਕਹਾਣੀਆਂ' ਦੀਆਂ ਹੇਠ ਲਿਖੀਆਂ ਕਹਾਣੀਆਂ ਵਿਚੋਂ ਕਿਸੇ ਇਕ ਦਾ ਪਾਰਗਤ ਅਧਿ ਕਰੋ :
ਉਜਾੜ, ਖੱਬਲ, ਮੁਰਦੇ ਦੀ ਤਾਕਤ, ਧਰਤੀ ਹੇਠਲਾ ਬੌਲਦ।

6. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਦੋ ਦਾ ਸੰਖੇਪ ਵਿਚ ਉੱਤਰ ਦਿਉ :
1) 'ਚਾਚਾ' ਕਹਾਣੀ ਦੀ ਪਾਤਰ ਉਸਾਰੀ ਉੱਤੇ ਆਲੋਚਨਾਤਮਕ-ਟਿੱਪਣੀ ਕਰੋ।
2) 'ਮਾਸਟਰ ਭੋਲਾ ਰਾਮ' ਕਹਾਣੀ ਦਾ ਸਾਰ ਲਿਖੋ।
3) 'ਦੁੱਧ ਦਾ ਛੱਪੜ' ਕਹਾਣੀ ਦੇ ਵਿਸ਼ੇ -ਵਸਤੂ ਉੱਤੇ ਟਿੱਪਣੀ ਕਰੋ।
4) 'ਛਾਹ ਵੇਲਾ' ਕਹਾਣੀ ਦੇ ਪਾਤਰਾਂ ਨਾਲ ਜਾਣ-ਪਛਾਣ ਕਰਾਉ।

This question paper contains 2 printed pages]

Roll No. | | | | | | | | | | | |

S. No. of Question Paper : **2908**

Unique Paper Code : **2121102** **F-1**

Name of the Paper : **Modern Punjabi Poetry [DC-1.2]**

Name of the Course : **B.A. (Hons.) Punjabi**

Semester : **I**

Duration : **3 Hours** Maximum Marks : **75**

*(Write your Roll No. on the top immediately on receipt of this question paper.)*

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਲਾਜ਼ਮੀ ਹਨ।

ਭਾਗ ਪਹਿਲਾ

1. ਆਧੁਨਿਕ ਪੰਜਾਬੀ-ਕਵਿਤਾ ਦੀਆਂ ਹੇਠ ਲਿਖੀਆਂ ਪ੍ਰਵਿਰਤੀਆਂ ਵਿਚੋਂ ਕੋਈ ਦੋ ਬਾਰੇ ਚਰਚਾ ਕਰੋ : 15
ਰੁਮਾਂਟਿਕ ਪ੍ਰਗਤੀਵਾਦੀ, ਪ੍ਰਯੋਗਸ਼ੀਲ, ਜੁਝਾਰਵਾਦੀ, ਪੰਜਾਬ ਸੰਕਟ ਨਾਲ ਜੁੜੀ ਕਵਿਤਾ।

ਜਾਂ

ਆਧੁਨਿਕ ਪੰਜਾਬੀ ਕਵਿਤਾ ਦੇ ਨਿਕਾਸ ਤੇ ਵਿਕਾਸ ਬਾਰੇ ਚਰਚਾ ਕਰੋ।

2. ਹੇਠ ਲਿਖਿਆਂ ਵਿਚੋਂ ਕੋਈ ਦੋ ਪ੍ਰਸ਼ਨ ਹਲ ਕਰੋ। 10
1) ਪੰਜਾਬੀ ਕਵਿਤਾ ਵਿਚਲੀ ਆਧੁਨਿਕਤਾ ਨੂੰ ਸਪੱਸ਼ਟ ਕਰੋ।
2) ਆਧੁਨਿਕਤਾ ਤੋਂ ਕੀ ਭਾਵ ਹੈ?
3) ਆਨੁਨਿਕ ਪੰਜਾਬੀ ਕਾਵਿ-ਰੂਪਾਂ ਬਾਰੇ ਸੰਖੇਪ ਜਾਣਕਾਰੀ ਦਿਉ।
4) ਭਾਈ ਵੀਰ ਸਿੰਘ ਦੀ ਕਵਿਤਾ ਵਿਚਲੇ ਰਹੱਸਵਾਦ 'ਤੇ ਟਿੱਪਣੀ ਕਰੋ।

ਭਾਗ ਦੂਜਾ

3. 'ਸੁਰ ਸੰਵੇਦਨਾ' ਪੁਸਤਕ ਦੇ ਆਧਾਰ 'ਤੇ ਹੇਠ ਲਿਖੇ ਕਵੀਆਂ ਵਿਚੋਂ ਕਿਸੇ ਇਕ ਕਵੀ ਦੀਆਂ ਕਾਵਿ-ਰਚਨਾਵਾਂ ਦਾ ਵਿਹਾਕਰ ਅਧਿਐਨ ਕਰੋ :
ਭਾਈ ਵੀਰ ਸਿੰਘ, ਸੁਰਜੀਤ ਪਾਤਰ, ਫੀਰੋਜ਼ਦੀਨ ਸ਼ਰਫ, ਸ਼ਿਵ ਕੁਮਾਰ ਬਟਾਲਵੀ 15

ਜਾਂ

'ਸੁਰ ਸੰਵੇਦਨਾ' ਪੁਸਤਕ ਦੀ ਭੂਮਿਕਾ ਨੂੰ ਆਧਾਰ ਬਣਾ ਕੇ, ਆਧੁਨਿਕ ਪੰਜਾਬੀ-ਕਵਿਤਾ ਦੇ ਪਿਛੋਕੜ ਅਤੇ ਵਿਕਾਸ ਬਾਰੇ ਚਰਚਾ ਕਰੋ।

4. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਦੋ ਪ੍ਰਸ਼ਨ ਹਲ ਕਰੋ। 10
1) ਮਾਂ ਦਾ ਦਿਲ ਕਵਿਤਾ ਨੂੰ ਆਪਣੇ ਸ਼ਬਦਾਂ ਵਿਚ ਲਿਖੋ।
2) 'ਅਸੀਂ ਲੜਾਂਗੇ ਸਾਥੀ' ਕਵਿਤਾ ਵਿਚ ਪਾਸ਼ ਆਪਣੀ ਲੜਾਈ ਕਦੋਂ ਤੱਕ ਲੜਣ ਦੀ ਗੱਲ ਕਰਦਾ ਹੈ?
3) 'ਜਵਾਨ ਪੰਜਾਬ' ਕਵਿਤਾ ਵਿਚ ਕਵੀ ਨੇ ਪੰਜਾਬੀ ਜਵਾਨ ਦਾ ਕੀ ਰੂਪ ਪ੍ਰਸਤੁਤ ਕੀਤਾ ਹੈ?
4) 'ਵੈਰੀ ਨਾਗ ਦਾ ਪਹਿਲਾ ਝਲਕਾ' ਕਵਿਤਾ ਦਾ ਕੇਂਦਰੀ ਭਾਵ ਸਪੱਸ਼ਟ ਕਰੋ।

### ਭਾਗ ਤੀਜਾ

5. 'ਨਾਰੀ ਕਾਵਿ ਸੰਵੇਦਨਾ ਇਕ ਸੰਵਾਦ' ਸਿਰਲੇਖ ਹੇਠ ਆਏ ਵਿਚਾਰਾਂ ਨੂੰ ਆਪਣੇ ਸ਼ਬਦਾਂ ਵਿਚ ਲਿਖੋ। 15

ਜਾਂ

ਹੇਠ ਲਿਖੀਆਂ ਕਵਿੱਤਰੀਆਂ ਵਿਚੋਂ ਕਿਸੇ ਇਕ ਦੀਆਂ ਕਾਵਿ-ਰਚਨਾਵਾਂ ਬਾਰੇ ਚਰਚਾ ਕਰੋ :
ਵਨੀਤਾ, ਪਾਲ ਕੌਰ, ਅੰਮ੍ਰਿਤਾ ਪ੍ਰੀਤਮ, ਅਰਤਿੰਦਰ ਕੌਰ

6. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕੋਈ ਦੋ ਪ੍ਰਸ਼ਨ ਹਲ ਕਰੋ। 10
1) 'ਮੈਂ ਸ਼ਕੁੰਤਲਾ ਨਹੀਂ' ਕਵਿਤਾ ਵਿਚ ਪੇਸ਼ ਪੁਰਾਤਨ ਮਿਥ ਦਾ ਵੇਰਵਾ ਕਰੋ।
2) 'ਸੁੱਚੇ ਪਰਾਂ ਵਾਲੀਆਂ ਚਿੜੀਆਂ' ਕਵਿਤਾ, ਔਰਤ ਦੀ ਕਿਸ ਸਮੱਸਿਆ ਨੂੰ ਪੇਸ਼ ਕਰਦੀ ਹੈ?
3) 'ਸੁਨੇਹੜੇ' ਕਵਿਤਾ ਬਾਰੇ ਸੰਖੇਪ ਵਿਚ ਲਿਖੋ।
4) 'ਨਾਰੀ ਕਾਵਿ ਸੰਵੇਦਨਾ' ਪੁਸਤਕ ਵਿਚੋਂ ਆਪਣੀ ਪਸੰਦ ਦੀ ਕਿਸੇ ਇਕ ਕਵਿਤਾ ਦੀ ਸੰਖੇਪ ਸਮੀਖਿਆ ਕਰੋ।

ੴੴੴ